# ਤਿੰਨ ਸੁਆਲ

[ਨਾਟਕ ਸ਼ੁਰੂ ਹੋਣ 'ਤੇ ਢੰਡੋਰੇ ਵਾਲਾ ਮੰਚ 'ਤੇ ਆਉਂਦਾ ਹੈ।]

ਢੰਡੋਰੇ ਵਾਲਾ : ਸੁਣੋ ਸੁਣੋ...ਹੁਕਮ ਬਾਦਸ਼ਾਹ ਦਾ...ਖਲਕਤ ਖ਼ੁਦਾ ਦੀ...ਐਲਾਨ ਸਰਕਾਰ ਦਾ। ਸਾਰੇ ਆਮ ਅਤੇ ਖ਼ਾਸ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਦੇਸ਼ ਵਿਚ ਅਨਾਜ ਦੀ ਕਮੀ ਹੈ...ਦੇਸ਼ ਵਿਚ ਸੰਕਟ ਹੈ। ਏਸ ਲਈ ਸੰਕਟ ਨੂੰ ਹੱਲ ਕਰਨ ਲਈ ਇਹੀ ਸੋਚਿਆ ਗਿਆ ਹੈ ਕਿ ਸੱਠ ਸਾਲ ਤੋਂ ਉੱਤੇ ਜਿਹੜੇ ਬੁੱਢੇ-ਬੁੱਢੀਆਂ ਨੇ ਉਨ੍ਹਾਂ ਨੂੰ ਜੰਗਲਾਂ ਵਿਚ ਭੇਜ ਦਿੱਤਾ ਜਾਵੇ।

ਇਕ ਗਰੁੱਪ : ਜੰਗਲ ਵਿਚ ?

ਦੂਜਾ ਗਰੁੱਪ : ਉਥੇ ਜਾ ਕੇ ਉਹ ਕੀ ਕਰਨਗੇ ?

ਢੰਡੋਰੇ ਵਾਲਾ : ਉਥੇ ਉਹ ਆਪਸ ਵਿਚ ਗੱਪਾਂ ਮਾਰਨਗੇ...ਪੱਤੇ ਖਾਣਗੇ, ਫਲ ਖਾਣਗੇ, ਬੂਟੀਆਂ ਖਾਣਗੇ ਅਤੇ ਜ਼ਿੰਦਗੀ ਦੇ ਬਾਕੀ ਦਿਨ ਪੂਰੇ ਕਰ ਕਰ ਲੈਣਗੇ...ਸੁਣੋ ਸੁਣੋ, ਹੁਕਮ ਬਾਦਸ਼ਾਹ ਦਾ, ਖਲਕਤ ਖ਼ੁਦਾ ਦੀ...।

*(ਢੰਡੋਰੇ ਵਾਲਾ ਜਾਂਦਾ ਹੈ, ਪਰ ਉਹਦੀ ਆਵਾਜ਼ ਵਿਚ-ਵਿਚ ਦੂਰੋਂ ਆਉਂਦੀ ਸੁਣਦੀ ਜਾਂਦੀ ਹੈ। ਬੰਦਿਆਂ ਦਾ ਗਰੁੱਪ ਸਟੇਜ ਦੇ ਸੈਂਟਰ ਵਿਚ ਆਉਂਦਾ ਹੈ।)*

ਇਕ : ਬਾਦਸ਼ਾਹ ਦਾ ਹੁਕਮ ਬੜਾ ਅਜੀਬ ਏ।

ਦੋ : ਬਾਦਸ਼ਾਹ ਦਾ ਹੁਕਮ ਠੀਕ ਏ, ਬੁੱਢਿਆਂ ਨੂੰ ਜੰਗਲ ਭੇਜੋ।

ਤਿੰਨ : ਹਾਹੋ ਭਲਾ ਬੁੱਢਿਆਂ ਦਾ ਕੀ ਫ਼ਾਇਦਾ ?

ਚਾਰ : ਹਰ ਵੇਲੇ ਆਪਣੀ ਸਿਆਣਪ ਹੀ ਝਾੜਦੇ ਰਹਿਣਗੇ।

ਇਕ : (ਨਕਲ ਲਗਾ ਕੇ) ਸਾਡੇ ਵੇਲੇ ਇਹ ਹੁੰਦਾ ਸੀ, ਉਹ ਹੁੰਦਾ ਸੀ... ਹੁਣ ਦੇ ਨੌਜਵਾਨਾਂ ਨੂੰ ਨਾ ਅਕਲ ਏ ਨਾ ਤਮੀਜ਼ ਏ।

ਤਿੰਨ : ਚੰਗਾ ਹੈ, ਹੁਣ ਦਿਲ ਖੋਲ੍ਹ ਕੇ ਪੁਰਾਣੇ ਵਕਤਾਂ ਦੀ ਭਾਲ ਕਰਨਗੇ।

ਚਾਰ : ਕਮ ਸੇ ਕਮ ਸਾਨੂੰ ਤਾਂ ਬੋਰ ਨਹੀਂ ਕਰਨਗੇ।

ਪਿੱਛੋਂ ਆਵਾਜ਼ : ਸੁਣੋ ਸੁਣੋ...ਸਾਰੇ ਬੁੱਢੇ ਬੁੱਢੀਆਂ ਜੰਗਲਾਂ ਵਿਚ ਜਾਣਗੇ।

*(ਆਵਾਜ਼ ਦੇ ਦਰਮਿਆਨ ਬੰਦੇ ਇਕ ਪਾਸੇ ਜਾਣਗੇ। ਕੁੜੀਆਂ ਦਾ ਗਰੁੱਪ ਆਏਗਾ।)*

ਇਕ ਕੁੜੀ : ਲੈ, ਇਹ ਤਾਂ ਮੌਜ਼ ਲੱਗ ਗਈ, ਸੱਸਾਂ ਸਾਰੀਆਂ ਜੰਗਲ ਚਲੀਆਂ ਜਾਣੀਆਂ।

ਦੂਜੀ ਕੁੜੀ : ਹੁਣ ਹਰ ਗੱਲ 'ਚ ਟੋਕਣ ਵਾਲਾ ਤਾਂ ਕੋਈ ਨਹੀਂ ਰਹੇਗਾ।

ਤੀਜੀ ਕੁੜੀ : ਜਿਸ ਤਰ੍ਹਾਂ ਮਰਜ਼ੀ ਹੋਈ ਖਾਵਾਂਗੀਆਂ ਪਹਿਨਾਗੀਆਂ।

ਚੌਥੀ ਕੁੜੀ : ਕੋਈ ਇਹ ਤਾਂ ਨਹੀਂ ਕਹੇਗਾ...(ਨਕਲ ਲਗਾ ਕੇ) ਹੂੰ ਫੈਸ਼ਨਾਂ ਪੱਟੀ।

ਇਕ ਕੁੜੀ : (ਨਕਲ ਲਗਾ ਕੇ) ਵੇਖ ਕਿਸ ਤਰ੍ਹਾਂ ਕੰਘੀਆਂ ਪੱਟੀਆਂ ਕਰ-ਕਰ ਬੈਠਦੀ ਹੈ।

ਦੂਜੀ ਕੁੜੀ : (ਨਕਲ ਲਗਾ ਕੇ) ਵੇਖਾਂ ਨਖਰੇ ਕਿਸ ਤਰ੍ਹਾਂ ਸਾੜ-ਸਾੜ ਕੇ ਤੁਰਦੀ ਏ।

ਤੀਜੀ ਕੁੜੀ : (ਨਕਲ ਲਗਾ ਕੇ) ਨਖਰੇ ਕਰਕੇ ਮੇਰੇ ਪੁੱਤਰ ਨੂੰ ਉਂਗਲਾਂ 'ਤੇ ਨਚਾਉਂਦੀ ਏ।

ਚੌਥੀ ਕੁੜੀ : (ਨਕਲ ਲਗਾ ਕੇ) ਹੂੰ ਉੱਚੇ ਨੱਕ ਵਾਲੀ...ਇਹਦੇ ਨੱਕ ਥੱਲਿਉਂ ਹੀ ਕੁਝ ਨਹੀਂ ਲੰਘਦਾ।

*(ਹੱਸਦੀਆਂ ਹਨ—ਮਜਾਜਾਂ ਪੱਟੀ)*

ਇਕ ਕੁੜੀ : ਪਰ ਇਕ ਗੱਲ ਏ, ਜੇ ਸੱਸਾਂ ਜਾਣਗੀਆਂ, ਸਾਡੀਆਂ ਮਾਵਾਂ ਵੀ ਜਾਣਗੀਆਂ।

ਦੂਜੀ ਕੁੜੀ : ਮਾਵਾਂ ਠੰਡੀਆਂ ਛਾਵਾਂ...ਛਾਵਾਂ ਕੌਣ ਕਰੇਗਾ।

ਤੀਜੀ ਕੁੜੀ : ਮਾਵਾਂ ਕੋਲ ਤਾਂ ਰਹੀਦਾ ਈ ਥੋੜ੍ਹੇ ਚਿਰ।

ਚੌਥੀ ਕੁੜੀ : ਬਾਕੀ ਉਮਰ ਤਾਂ ਸੱਸਾਂ ਦੀਆਂ ਹੀ ਸੁਨਣੀਆਂ ਪੈਂਦੀਆਂ ਨੇ।

ਬਾਕੀ : ਇਹ ਤਾਂ ਠੀਕ ਏ—ਤਾਹੀਓਂ ਤਾਂ ਬੋਲੀ ਪਾਉਣ ਵਾਲੀਆਂ ਨੇ ਬੋਲੀ ਪਾਈ ਹੈ।

ਸੱਸ ਮੇਰੀ ਨੂੰ ਮਾਤਾ ਨਿਕਲੀ
ਸਹੁਰਾ ਕਰੇ ਦੁਆ
ਮਾਤਾ ਭਗਵੰਤੀਏ, ਬੇੜਾ ਬੰਨੇ ਲਾ

*(ਬੋਲੀ ਪਾਉਂਦਿਆਂ, ਨੱਚਦੀਆਂ, ਗਾਉਂਦੀਆਂ ਬਾਹਰ ਜਾਂਦੀਆਂ ਹਨ। ਸਟੇਜ ਤੋਂ ਦੂਜੇ ਪਾਸੇ ਬੁੱਢੇ ਬੁੱਢੀਆਂ ਦਾ ਕਾਫ਼ਲਾ ਜੰਗਲਾਂ ਵੱਲ ਤੁਰਿਆ ਜਾਂਦਾ ਹੈ। ਨੋਟ—ਸੰਗੀਤ ਦੀ ਉਦਾਸ ਲੈਅ ਤੇ ਇਹ ਵਿਜ਼ੁਅਲ ਬਣਾਉਣਾ ਹੈ। ਭੀੜ ਦੀ ਕੰਪੋਜ਼ੀਸ਼ਨ ਡਾਇਰੈਕਟਰ ਨੇ ਆਪਣੀ ਸੂਝ ਨਾਲ ਬਣਾਉਣੀ ਹੈ ਕਿ ਸਟੇਜ ਪੂਰੀ ਤਰ੍ਹਾਂ ਭਰੀ-ਭਰੀ ਲੱਗੇ। ਲਾਲ ਅਤੇ ਸਲੇਟੀ ਰੰਗ ਦੀ ਪੂਰੀ ਤਰ੍ਹਾਂ ਵਰਤੋਂ ਕਰਨੀ ਹੈ। ਬਾਦਸ਼ਾਹ ਦੇ ਦੋ ਸਿਪਾਹੀ, ਜਿਨ੍ਹਾਂ ਦੇ ਹੱਥਾਂ ਵਿਚ ਭਾਲੇ ਹਨ, ਵਿਚ-ਵਿਚ ਪਹਿਰੇਦਾਰੀ ਕਰਦੇ ਦਿਸਦੇ*

*ਹਨ। ਕਾਫ਼ਲੇ ਦੇ ਜਾਣ ਤੋਂ ਬਾਅਦ ਸਿਪਾਹੀ ਸਟੇਜ ਦੇ ਸੈਂਟਰ 'ਤੇ ਆਪਸ ਵਿਚ ਗੱਲਾਂ ਕਰਦੇ ਹਨ।)*

ਇਕ : ਸਭ ਆਪਣੇ ਆਪ ਹੀ ਤੁਰ ਗਏ।

ਦੋ : ਬਾਦਸ਼ਾਹ ਦਾ ਹੁਕਮ ਸਾਰਿਆਂ ਨੇ ਮੰਨ ਲਿਆ ਏ।

ਇਕ : ਤਾਂਹੀਓਂ ਤਾਂ ਸਾਡੀ ਜੇਬ ਖਾਲੀ ਰਹਿ ਗਈ ਏ।

ਦੋ : ਸ਼ਿਕਾਰ ਹੀ ਕੋਈ ਨਹੀਂ ਮਿਲਿਆ।

*(ਉਨ੍ਹਾਂ ਦੀ ਨਜ਼ਰ ਇਕ ਨੌਜਵਾਨ ਤੇ ਪੈਂਦੀ ਹੈ, ਜੋ ਆਪਣੇ ਬੁੱਢੇ ਬਾਪ ਨੂੰ ਹੌਲੇ-ਹੌਲੇ ਲਿਜਾ ਰਿਹਾ ਹੈ। ਬੁੱਢੇ ਦੇ ਚਾਦਰ ਲਪੇਟੀ ਹੋਈ ਹੈ।)*

ਸਿਪਾਹੀ ਇਕ : ਓਏ ਮੁੰਡਿਆ, ਇਹ ਬੁੱਢਾ ਕੌਣ ਏ ?

ਮੁੰਡਾ : ਜੀ, ਇਹ ਮੇਰਾ ਬਾਪੂ ਏ।

ਸਿਪਾਹੀ ਇਕ : ਇਹ ਇਥੇ ਕੀ ਪਿਆ ਕਰਦਾ ਏ ?

ਸਿਪਾਹੀ ਦੋ : ਇਹਨੂੰ ਤਾਂ ਜੰਗਲਾਂ ਵਿਚ ਹੋਣਾ ਚਾਹੀਦਾ ਸੀ।

ਮੁੰਡਾ : ਜੀ ਇਹ ਬਿਮਾਰ ਏ, ਏਸ ਲਈ ਹੌਲੇ ਹੌਲੇ ਤੁਰਦਾ ਪਿਆ ਏ।

ਸਿਪਾਹੀ ਇਕ : ਇਹ ਹੌਲੇ ਤੁਰੇ...ਤੇਜ਼ ਤੁਰੇ, ਤੇਰਾ ਚਲਾਨ ਹੋਵੇਗਾ।

ਮੁੰਡਾ : ਕਿਸ ਗੱਲ ਦਾ ?

ਸਿਪਾਹੀ ਦੋ : ਬਾਦਸ਼ਾਹ ਦੀ ਹੁਕਮ ਅਦੂਲੀ ਦਾ।

ਮੁੰਡਾ : ਪਰ ਮੈਂ ਬਾਦਸ਼ਾਹ ਦਾ ਹੁਕਮ ਨਹੀਂ ਮੋੜਿਆ, ਮੈਂ ਬਾਪੂ ਨੂੰ ਜੰਗਲਾਂ ਵੱਲ ਲਿਜਾ ਰਿਹਾ ਹਾਂ।

ਸਿਪਾਹੀ ਇਕ : ਸਾਨੂੰ ਨਹੀਂ ਪਤਾ ਚਾਲਾਨ ਦਿਖਾ।

ਸਿਪਾਹੀ ਦੋ : ਜਾਂ ਜੋ ਤੇਰੇ ਪੱਲੇ, ਉਹ ਸਾਡੇ ਪੱਲੇ ਪਾ।

ਮੁੰਡਾ : ਜੇ ਨਾ ਪਾਵਾਂ ?

ਸਿਪਾਹੀ ਇਕ : ਤਾਂ ਅਸੀਂ ਤੈਨੂੰ ਹਵਾਲਾਤ ਲਿਜਾਵਾਂਗੇ।

ਸਿਪਾਹੀ ਦੋ : ਲੰਮਿਆਂ ਉਥੇ ਪਾਵਾਂਗੇ।

ਸਿਪਾਹੀ ਇਕ : ਘੋਟਨਾ ਚੜ੍ਹਾਵਾਂਗੇ।

ਸਿਪਾਹੀ ਦੋ : ਡੰਡਾ ਸੁੰਘਾਵਾਂਗੇ।

ਸਿਪਾਹੀ ਇਕ : ਅਸੀਂ ਹਾਂ ਬਾਦਸ਼ਾਹ ਦੇ ਖ਼ਾਸ ਸਿਪਾਹੀ।

ਸਿਪਾਹੀ ਦੋ : ਸਾਡੇ ਨਾਲ ਨਾ ਆਕੜ ਵਖਾਈਂ।

ਸਿਪਾਹੀ ਇਕ : ਧੂਹ ਕੇ ਤੈਨੂੰ ਲਿਜਾਵਾਂਗੇ।

ਸਿਪਾਹੀ ਦੋ : ਮਜ਼ਾ ਤੈਨੂੰ ਚਖਾਵਾਂਗੇ।

ਮੁੰਡਾ : ਸਰਕਾਰ ਤੁਸੀਂ ਮੈਨੂੰ ਕਰੋ ਮਾਫ਼...ਜੇਬ ਭਾਵੇਂ ਕਰ ਲਉ ਪੂਰੀ ਸਾਫ਼।

*(ਪੈਸਿਆਂ ਦੀ ਗੁੱਥੀ ਫੜਾਉਂਦਾ ਹੈ।)*

ਸਿਪਾਹੀ ਇਕ : ਲੈ ਤੂੰ ਹੁਣ ਫੜ ਆਪਣਾ ਰਾਹ।
ਸਿਪਾਹੀ ਦੋ : ਭਾਵੇਂ ਘਰ ਨੂੰ ਜਾ, ਭਾਵੇਂ ਜੰਗਲ ਜਾ।
ਸਿਪਾਹੀ ਇਕ : ਅਸੀਂ ਬਾਦਸ਼ਾਹ ਦੇ ਖ਼ਾਸ ਸਿਪਾਹੀ।
ਸਿਪਾਹੀ ਦੋ : ਸਾਡੀ ਕੀਮਤ ਤੂੰ ਪੂਰੀ ਪਾਈ।
ਸਿਪਾਹੀ ਇਕ : ਅਸੀਂ ਪੈਂਦੇ ਆਪਣੇ ਰਾਹ...ਤੂੰ ਪੈ ਜਾ ਆਪਣੇ ਰਾਹ।
ਸਿਪਾਹੀ ਦੋ : ਘਰ ਨੂੰ ਜਾ, ਜੰਗਲ ਜਾ।
ਇਕੱਠੇ : ਸਾਨੂੰ ਨਹੀਂ ਇਹਦੀ ਪਰਵਾਹ।

*(ਗੁੱਥੀ ਵੱਲ ਵੇਖਦੇ ਖ਼ੁਸ਼ੀ-ਖ਼ੁਸ਼ੀ ਜਾਂਦੇ ਹਨ। ਵਾਹ ਭਈ ਵਾਹ, ਵਾਹ ਭਈ ਵਾਹ।)*

ਪੁੱਤਰ : ਬਾਪੂ ਜੀ, ਚਲੋ ਘਰ ਨੂੰ ਮੁੜ ਚਲੀਏ।
ਬਾਪੂ : ਨਹੀਂ ਪੁੱਤਰ, ਮੈਨੂੰ ਜੰਗਲ 'ਚ ਛੱਡ ਆ।
ਪੁੱਤਰ : ਨਹੀਂ ਬਾਪੂ ਜੀ, ਮੈਂ ਤੁਹਾਡੇ ਬਗ਼ੈਰ ਨਹੀਂ ਰਹਿ ਸਕਦਾ।
ਬਾਪੂ : ਬਾਦਸ਼ਾਹ ਦੇ ਸਿਪਾਹੀ ਤੈਨੂੰ ਫੜ ਲੈਣਗੇ।
ਪੁੱਤਰ : ਪਰਵਾਹ ਨਹੀਂ।
ਬਾਪੂ : ਉਹ ਤੈਨੂੰ ਜੇਲ੍ਹ 'ਚ ਡੱਕ ਦੇਣਗੇ।
ਪੁੱਤਰ : ਪਰਵਾਹ ਨਹੀਂ।
ਬਾਪੂ : ਉਹ ਤੈਨੂੰ ਮਾਰ ਦੇਣਗੇ।
ਪੁੱਤਰ : ਪਰਵਾਹ ਨਹੀਂ।
ਬਾਪੂ : ਤੈਨੂੰ ਕਿਸੇ ਗੱਲ ਦੀ ਪਰਵਾਹ ਨਹੀਂ ?
ਪੁੱਤਰ : ਨਹੀਂ।
ਬਾਪੂ : ਕਿਉਂ ?
ਪੁੱਤਰ : ਕਿਉਂਕਿ ਬਾਦਸ਼ਾਹ ਦਾ ਹਰ ਕਾਨੂੰਨ ਪੈਸੇ ਨਾਲ ਖਰੀਦਿਆ ਜਾ ਸਕਦਾ ਹੈ ਤੇ ਪੈਸਾ ਮੈਂ ਤੁਹਾਡੇ ਲਈ ਬਹੁਤ ਖਰਚ ਸਕਦਾ ਹਾਂ।
ਬਾਪੂ : ਕਿਉਂ ?
ਪੁੱਤਰ : ਕਿਉਂਕਿ ਤੁਸੀਂ ਮੇਰੀ ਨਿੱਕੇ ਹੁੰਦਿਆਂ ਤੋਂ ਪਾਲਣਾ ਕੀਤੀ ਏ, ਮਾਂ ਮਰਨ ਤੋਂ ਬਾਅਦ ਮੈਨੂੰ ਮਾਵਾਂ ਵਾਲਾ ਪਿਆਰ ਦਿੱਤਾ ਏ...ਬਿਮਾਰ ਹੋਇਆ ਰਾਤਾਂ ਜਾਗ ਕੇ ਮੇਰੀ ਸੇਵਾ ਕੀਤੀ ਏ...ਮੈਂ ਘਰ ਵਿਚ ਭੋਰਾ ਬਣਾਵਾਂਗਾ...ਤੁਹਾਨੂੰ ਉਥੇ ਛੁਪਾਂਵਾਗਾ। ਤੁਹਾਡੀ ਕੀਤੀ ਸੇਵਾ ਦਾ ਮੁੱਲ ਚੁਕਾਵਾਂਗਾ...ਚਲੋ ਬਾਪੂ ਜੀ, ਸਿਪਾਹੀ ਪੈ ਗਏ ਨੇ ਆਪਣੇ ਰਾਹ, ਅਸੀਂ ਵੀ ਪੈ ਜਾਈਏ ਆਪਣੇ ਰਾਹ।

*(ਹੌਲੀ ਹੌਲੀ ਇਕ ਪਾਸੇ ਜਾਂਦੇ ਹਨ। ਸ਼ਾਹੀ ਸੰਗੀਤ ਵੱਜਦਾ ਹੈ, ਬਾਦਸ਼ਾਹ ਆਪਣੇ ਚਾਰ ਵਜ਼ੀਰਾਂ ਨਾਲ ਆਉਂਦਾ ਹੈ। ਇਸ*

*ਦਰਮਿਆਨ ਸਿਪਾਹੀ ਇਕ ਉੱਚੀ ਸਾਰੀ ਕੁਰਸੀ ਚੁੱਕ ਲਿਆਉਂਦੇ ਹਨ। ਬਾਦਸ਼ਾਹ ਬੜੀ ਸ਼ਾਨ ਨਾਲ ਆ ਕੇ ਕੁਰਸੀ 'ਤੇ ਬੈਠਦਾ ਹੈ।)*

ਬਾਦਸ਼ਾਹ : ਕਿਉਂ ਸਭ ਠੀਕ ਚੱਲ ਰਿਹਾ ਏ ?
ਚਾਰੇ ਇਕੱਠੇ : ਬਿਲਕੁਲ ਠੀਕ ਚੱਲ ਰਿਹਾ ਹੈ।
ਬਾਦਸ਼ਾਹ : ਸਭ ਬੁੱਢੇ ਜੰਗਲਾਂ ਵਿਚ ਚਲੇ ਗਏ ?
ਚਾਰੇ ਇਕੱਠੇ : ਜੀ ਸਭ ਚਲੇ ਗਏ।
ਬਾਦਸ਼ਾਹ : ਕੋਈ ਪਿੱਛੇ ਤੇ ਨਹੀਂ ਰਹਿ ਗਿਆ ?
ਚਾਰ ਇਕੱਠੇ : ਨਹੀਂ ਜੀ।
ਬਾਦਸ਼ਾਹ : ਪੱਕਾ ?
ਚਾਰੇ ਇਕੱਠੇ : ਜੀ ਪੱਕਾ।
ਬਾਦਸ਼ਾਹ : ਉਹ ਕੀ ਕਰਦੇ ਨੇ ?
ਇਕ : ਉਹ ਸਵੇਰੇ ਉੱਠਦੇ ਨੇ।
ਦੋ : ਰੋਟੀ ਖਾਂਦੇ ਨੇ।
ਤਿੰਨ : ਕੰਮ ਕਰਦੇ ਨੇ।
ਚਾਰ : ਰਾਤੀਂ ਸੌਂ ਜਾਂਦੇ ਨੇ।
ਇਕੱਠੇ : ਬਸ ਇਕ ਚੱਕਰ ਹੈ ਚੱਲਦਾ...ਯਾਦ ਬੁੱਢਿਆਂ ਨੂੰ ਨਾ ਕੋਈ ਕਰਦਾ।
ਇਕ : ਕੋਈ ਕਿਸੇ ਨੂੰ ਅਸੀਸ ਨਹੀਂ ਦੇਂਦਾ।
ਦੋ : ਸਿਰ 'ਤੇ ਨਾ ਕੋਈ ਹੱਥ ਹੈ ਰੱਖਦਾ।
ਤਿੰਨ : ਦਾਦੇ ਬਿਨਾਂ ਪੋਤਰੇ ਉਦਾਸ ਨੇ।
ਚਾਰ : ਨਾਨੀ ਬਿਨਾਂ ਦੋਤਰੇ ਉਦਾਸ ਨੇ।
ਇਕੱਠੇ : ਬਸ ਸਭ ਠੀਕ ਹੈ ਚਲਦਾ, ਯਾਦ ਬੁੱਢਿਆਂ ਨੂੰ ਨਾ ਕੋਈ ਕਰਦਾ।
ਇਕ : ਕੁੜੀਆਂ ਆਪਸ ਵਿਚ ਲੜਦੀਆਂ ਨੇ।
ਦੋ : ਗੁੱਤਾਂ ਇਕ ਦੂਜੇ ਦੀਆਂ ਫੜਦੀਆਂ ਨੈ।
ਤਿੰਨ : ਨਾ ਕੋਈ ਵਿਚ ਪੈਣ ਹੈ ਵਾਲਾ।
ਚਾਰ : ਨਾ ਕੋਈ ਛੁਡਾਉਣ ਹੈ ਵਾਲਾ।
ਇਕੱਠੇ : ਬਸ ਸਭ ਠੀਕ ਹੈ ਚਲਦਾ...ਯਾਦ ਬੁੱਢਿਆਂ ਨੂੰ ਨਾ ਕੋਈ ਕਰਦਾ।
ਇਕ : ਅਕਲ ਵੱਲੋਂ ਮੈਦਾਨ ਹੈ ਖ਼ਾਲੀ।
ਦੋ : ਨਾ ਰਿਹਾ ਬਾਗ਼ ਨਾ ਰਿਹਾ ਮਾਲੀ।
ਤਿੰਨ : ਖੜਕੇ ਹਰ ਘਰ 'ਚ ਥਾਲੀ।
ਚਾਰ : ਨਾ ਰਿਹਾ ਘਰ ਵਾਲਾ, ਨਾ ਘਰ ਵਾਲੀ।
ਇਕੱਠੇ : ਉਂਝ ਬਸ ਠੀਕ ਹੈ ਚਲਦਾ...ਯਾਦ ਬੁੱਢਿਆਂ ਨੂੰ ਨਾ ਕੋਈ ਕਰਦਾ।

ਬਾਦਸ਼ਾਹ : ਅਕਲਾਂ ਵੱਲੋਂ ਮੈਦਾਨ ਨਾ ਖ਼ਾਲੀ
ਹੈ ਇਥੇ ਬਾਗ਼ ਹੈ ਇਥੇ ਮਾਲੀ
ਮੈਂ ਕਰਨਾ ਇਥੇ ਤਿੰਨ ਸਵਾਲ
ਦੇਖਾਂਗਾ ਅਕਲ ਦਾ ਕਮਾਲ

ਇਕੱਠੇ : ਤਿੰਨ ਸੁਆਲ ?

ਬਾਦਸ਼ਾਹ : ਕਿਵੇਂ ਬਣਦੀ ਹੈ ਰਾਖ ਦੀ ਰੱਸੀ...ਪਹਿਲਾਂ ਸਾਡਾ ਇਹ ਸੁਆਲ ਲਕੜੀ ਵਾਲੇ ਡੰਡੇ ਦਾ, ਜੜ੍ਹ ਵਾਲਾ ਪਾਸਾ ਕਿਹੜਾ...ਦੂਜਾ ਸਾਡਾ ਇਹ ਸਵਾਲ—ਬਗ਼ੈਰ ਹੱਥ ਲਗਾਏ ਜੋ ਹੀ ਵੱਜਦਾ ਢੋਲਦਾ ਹੈ ਕਿਹੜਾ, ਤੀਜਾ ਸਾਡਾ ਇਹ ਸੁਆਲ—ਹੱਲ ਕਰੇਗਾ ਜੋ ਸੁਆਲ ਕਰ ਦੇਵਾਂਗੇ ਉਸ ਨੂੰ ਮਾਲੋ ਮਾਲ...ਕਰੋ ਸਭ ਪਾਸੇ ਇਹ ਐਲਾਨ, ਬਾਦਸ਼ਾਹ ਨੇ ਲੈਣਾ ਇਹ ਇਮਤਿਹਾਨ।

*(ਸਾਰੇ ਹਰ ਵਾਰੀ ਜਾਂਦੇ ਹਨ। ਜੰਗਲ ਵਿਚ ਬੁੱਢੇ ਬੈਠੇ ਗੱਲਾਂ ਕਰ ਰਹੇ ਹਨ।)*

ਇਕ : ਬਾਦਸ਼ਾਹ ਨੇ ਸਾਨੂੰ ਜੰਗਲਾਂ ਵਿਚ ਭੇਜ ਕੇ ਸਾਡੀ ਕੀਤੀ ਸੇਵਾ ਨੂੰ ਭੁਲਾ ਦਿੱਤਾ।

ਦੋ : ਬਾਦਸ਼ਾਹ ਭੁੱਲ ਗਿਆ, ਜਦੋਂ ਉਹਦੀ ਬੇਟੀ ਬਿਮਾਰ ਹੋਈ ਸੀ, ਮੈਂ ਉਹਦਾ ਇਲਾਜ ਕੀਤਾ ਸੀ।

ਤਿੰਨ : ਪੰਜ ਸਾਲ ਪਹਿਲੇ ਜਦੋਂ ਹੜ੍ਹ ਆਇਆ ਸੀ, ਮੈਂ ਹੀ ਡੈਮ ਬਣਾ ਕੇ ਸ਼ਹਿਰ ਨੂੰ ਬਚਾਇਆ ਸੀ।

ਚਾਰ : ਬਾਦਸ਼ਾਹ ਨੂੰ ਤੇ...ਉਹਦੇ ਪੁੱਤਰਾਂ ਨੂੰ ਮੈਂ ਹੀ ਪੜ੍ਹਾਇਆ ਸੀ।

ਇਕ : ਬਾਦਸ਼ਾਹ ਕਹਿੰਦਾ ਹੈ ਕਿ ਦੇਸ਼ ਵਿਚ ਅਨਾਜ ਦੀ ਕਮੀ ਏ, ਦੱਸੋ ਭਲਾ ਇਹ ਅਨਾਜ ਕੌਣ ਖਾ ਗਿਆ ?

ਬਾਕੀ ਸਾਰੇ : ਹਾਂ, ਕੌਣ ਖਾ ਗਿਆ ?

ਦੋ : ਬਾਦਸ਼ਾਹ ਦਾ ਢਿੱਡ ਵੇਖੋ ਤਾਂ ਪਤਾ ਲੱਗ ਜਾਵੇਗਾ, ਕੌਣ ਖਾ ਗਿਆ।

ਤਿੰਨ : ਬਾਦਸ਼ਾਹ ਆਪਣੀਆਂ ਦਾਅਵਤਾਂ ਘਟਾ ਦੇਵੇ, ਆਪੇ ਅਨਾਜ ਦਾ ਮਸਲਾ ਹੱਲ ਹੋ ਜਾਵੇਗਾ।

ਚਾਰ : ਮੈਂ ਬਰਨਾਡ ਸ਼ਾਹ ਦਾ ਇਕ ਡਰਾਮਾ ਪੜ੍ਹਦਾ ਰਿਹਾ ਹਾਂ, ਉਹਦੇ ਵਿਚ ਇਕ ਚੁਟਕਲਾ ਹੈ।

ਬਾਕੀ ਸਾਰੇ : ਕੀ ?

ਚਾਰ : ਇਕ ਮੋਟੇ ਸਾਰੇ ਬੰਦੇ ਨੇ ਇਕ ਪਤਲੇ ਨੂੰ ਵੇਖ ਕੇ ਕਿਹਾ—ਲੱਗਦਾ ਹੈ ਕਿ ਤੂੰ ਕਾਲ ਦਾ ਮਾਰਿਆ ਹੋਇਆ ਏਂ ਤੇ ਪਤਲੇ ਨੇ ਪਤਾ ਕੀ

ਕਿਹਾ ?

ਬਾਕੀ ਸਾਰੇ : ਕੀ ਕਿਹਾ ?

ਚਾਰ : ਮੈਨੂੰ ਲੱਗਦਾ ਹੈ ਕਿ ਤੂੰ ਹੀ ਸਭ ਕੁਝ ਖਾ ਕੇ ਕਾਲ ਪਾਇਆ ਏ।

ਬਾਕੀ ਸਾਰੇ : ਇਹ ਤਾਂ ਉਹਨੇ ਬਿਲਕੁਲ ਠੀਕ ਕਿਹਾ।

ਇਕ : ਜਦੋਂ ਅਸੀਂ ਜੰਗਲਾਂ ਵੱਲ ਆ ਰਹੇ ਸਾਂ ਤਾਂ ਕਈ ਨੌਜਵਾਨ ਸਾਨੂੰ ਟਿਚਕਰਾਂ ਕਰ ਰਹੇ ਸਨ ਤੇ ਉਸ ਵੇਲੇ ਮੈਨੂੰ ਛੋਟੇ ਹੁੰਦਿਆਂ ਪੜ੍ਹੀ ਇਕ ਨਜ਼ਮ ਯਾਦ ਆ ਗਈ।

ਦੋ : ਲੈ ਤੈਨੂੰ ਕਿਸ ਤਰ੍ਹਾਂ ਯਾਦ ਆ ਗਈ...ਤੈਨੂੰ ਤੇ ਕੁਝ ਯਾਦ ਨਹੀਂ ਸੀ ਹੁੰਦਾ।

ਤਿੰਨ : ਤੇ ਇਹਦੇ ਬਦਲੇ ਮੁਨਸ਼ੀ ਏਹਨੂੰ ਹਮੇਸ਼ਾ ਕੰਨ ਪਕੜਾਉਂਦਾ ਸੀ।

ਚਾਰ : ਬਈ ਇਹਦੀ ਸੁਣੋ ਤਾਂ ਸਹੀ।

ਦੋ-ਤਿੰਨ : ਹਾਂ ਸੁਣਾ...ਜੋ ਨਜ਼ਮ ਤੈਨੂੰ ਯਾਦ ਆ ਗਈ।

ਇਕ : ਇਕ ਬੁੱਢਾ ਝੁਕ ਕੇ ਜਾ ਰਿਹਾ ਸੀ ਤਾਂ ਇਕ ਨੌਜਵਾਨ ਨੇ ਟਿਚਕਰ ਕੀਤੀ।

ਬਾਕੀ ਸਾਰੇ : ਕੀ ?

ਇਕ : ਬਾਬਾ ਇਹ ਕਮਾਨ ਕਿੰਨੇ ਦੀ ਮੁੱਲ ਲਈ ਏ, ਤਾਂ ਬੁੱਢੇ ਨੇ ਪਤਾ ਕੀ ਕਿਹਾ ?

ਬਾਕੀ ਸਾਰੇ : ਕੀ ਕਿਹਾ ?

ਇਕ : ਮੇਰੀ ਉਮਰ ਮੇਂ ਜਭ ਪਹੁੰਚੋਗੇ ਆਨ
ਤਾਂ ਬਲ ਮੁਫ਼ਤ ਮਿਲ ਜਾਏਗੀ ਯੇਹ ਕਮਾਨ

*(ਸਾਰੇ ਹੱਸਦੇ ਹਨ। ਬੁੱਢਿਆਂ ਦੀ ਗੱਲਬਾਤ।)*

ਇਕ : ਬਾਦਸ਼ਾਹ ਨੇ ਸਾਨੂੰ ਜੰਗਲ ਵਿਚ ਭੇਜਿਆ ਤਾਂ ਸਾਡੀਆਂ ਨੂੰਹਾਂ ਖ਼ੁਸ਼ ਹੋਈਆਂ।

ਦੋ : ਸਾਡੀ ਕੀਮਤ ਤਾਂ ਪਤਾ ਲੱਗੇਗੀ, ਜਦੋਂ ਕੋਈ ਬੱਚਾ ਬਿਮਾਰ ਹੋਇਆ।

ਤਿੰਨ : ਮੇਰਾ ਨਿੱਕਾ ਪੋਤਰਾ ਪਿਛਲੇ ਸਾਲ ਇਕ ਰਾਤ ਰੋਈ ਜਾਏ, ਮੇਰੀ ਨੂੰਹ ਨੂੰ ਪਤਾ ਨਾ ਲੱਗੇ ਕਿ ਰੋਂਦਾ ਕਿਉਂ ਏ, ਮੈਂ ਅਜਵਾਇਨ ਦਾ ਪਾਣੀ ਦਿੱਤਾ ਤਾਂ ਇਕਦਮ ਠੀਕ ਹੋ ਗਿਆ।

ਚਾਰ : ਅਸੀਂ ਤਾਂ ਛੇ-ਛੇ ਬੱਚੇ ਪਾਲੇ ਸਨ...ਸਾਨੂੰ ਜੋ ਤਜਰਬਾ ਏ ਭਲਾ ਦੋ-ਦੋ ਪਾਲਣ ਵਾਲਿਆਂ ਨੂੰ ਕਿਸ ਤਰ੍ਹਾਂ ਹੋ ਸਕਦਾ ਹੈ।

ਇਕ : ਤੇ ਹੋਰ ਕੀ ? ਹੁਣ ਮੇਰੇ ਨੂੰਹ ਤੇ ਪੁੱਤਰ ਜਦੋਂ ਦੋਨੋਂ ਕੰਮ 'ਤੇ ਜਾਣਗੇ, ਵੇਖਾਂਗੀ ਪਿੱਛੋਂ ਘਰ ਦਾ ਖ਼ਿਆਲ ਕੌਣ ਕਰਦਾ ਏ ?

ਦੋ : ਬਾਦਸ਼ਾਹ ਕਹਿੰਦਾ ਏ ਕਿ ਅੰਨ ਦਾ ਸੰਕਟ ਏ...ਭਲਾ ਅਸੀਂ ਖਾਂਦੀਆਂ ਹੀ ਕੀ ਹਾਂ।

ਤਿੰਨ : ਮੇਰੀ ਨੂੰਹ ਨੇ ਮੈਨੂੰ ਦੋ ਰੋਟੀਆਂ ਤੋਂ ਵੱਧ ਕਦੀ ਨਹੀਂ ਦਿੱਤੀਆਂ ਤੇ ਆਪ...।

ਬਾਕੀ ਸਾਰੀਆਂ : ਤੇ ਆਪ ਕੀ ?

ਤਿੰਨ : ਆਪ ਚਟਖਾਰੇ ਲਾ-ਲਾ ਕੇ ਦਸ-ਦਸ ਖਾ ਜਾਂਦੀ ਏ।

ਚਾਰ : ਤਾਹੀਓਂ ਤਾਂ ਸਾਰੇ ਉਹਨੂੰ ਮੋਟੋ-ਮੋਟੋ ਕਹਿੰਦੇ ਨੇ।

ਇਕ : ਚਲੋ ਮੌਜਾਂ ਕਰਨ ਸਾਨੂੰ ਕੀ ?

ਦੋ : ਦੁਖੀ ਹੋਣਗੀਆਂ ਤਾਂ ਸਾਨੂੰ ਯਾਦ ਕਰਨਗੀਆਂ।

ਤਿੰਨ : ਗਿਆਂ ਮੋਇਆਂ ਦੀ ਯਾਦ ਪਿੱਛੋਂ ਆਉਂਦੀ ਏ।

ਚਾਰ : ਚਲੋ ਚਲੀਏ, ਸਾਡੇ ਬੁੱਢੇ ਸਾਨੂੰ ਯਾਦ ਕਰਦੇ ਹੋਣੇ ਨੇ।

*(ਹੌਲੇ-ਹੌਲੇ ਤੁਰਦੀਆਂ ਜਾਂਦੀਆਂ ਹਨ।)*

ਢੰਡੋਰਾ :
ਸੁਣੋ ਸੁਣੋ—ਬਾਦਸ਼ਾਹ ਦਾ ਐਲਾਨ
ਬਾਦਸ਼ਾਹ ਨੇ ਲੈਣਾ ਹੈ ਪਰਜਾ ਦਾ ਇਮਤਿਹਾਨ
ਹੈ ਕੋਈ ਮਾਈ ਦਾ ਲਾਲ
ਰੱਸੀ ਬਣਾ ਕੇ ਰਾਖ ਦੀ, ਦੱਸੇ ਆਪਣਾ ਕਮਾਲ
ਹੈ ਕੋਈ ਮਾਈ ਦਾ ਲਾਲ

ਇਕ ਨੌਜੁਆਨ : ਭਲਾ ਰਾਖ ਦੀ ਵੀ ਰੱਸੀ ਹੋ ਸਕਦੀ ਹੈ ?

ਦੋ : ਰੱਸੀ ਸੰਦ ਦੀ ਹੋ ਸਕਦੀ ਹੈ।

ਤਿੰਨ : ਰੱਸੀ ਵਾਣ ਦੀ ਹੋ ਸਕਦੀ ਹੈ।

ਚਾਰ : ਰੱਸੀ ਪਰਾਲੀ ਦੀ ਹੋ ਸਕਦੀ ਹੈ।

ਇਕ : ਪਰ ਰਾਖ ਦੀ ਰੱਸੀ ?

ਬਾਕੀ ਸਾਰੇ : ਇਹ ਭਲਾ ਕਿਸ ਤਰ੍ਹਾਂ ਬਣ ਸਕਦਾ ਹੈ।

ਢੰਡੋਰਾ :
ਸੁਣੋ ਸੁਣੋ—ਬਾਦਸ਼ਾਹ ਦਾ ਐਲਾਨ
ਬਾਦਸ਼ਾਹ ਨੇ ਲੈਣਾ ਹੈ ਪਰਜਾ ਦਾ ਇਮਤਿਹਾਨ
ਹੈ ਕੋਈ ਐਸੀ ਨਾਰ
ਰੱਸੀ ਬਣਾ ਕੇ ਰਾਖ ਦੀ, ਸਭ ਨੂੰ ਦੇਵੇ ਚਾਰ
ਹੈ ਕੋਈ ਐਸੀ ਨਾਰ

ਕੁੜੀ ਇਕ : ਇਹ ਭਲਾ ਕੀ ਗੱਲ ਹੋਈ ?

ਦੋ : ਅਸੀਂ ਤਾਂ ਗੱਲਾਂ ਗੱਲਾਂ ਵਿਚ ਰੱਸੀ ਦਾ ਸੱਪ ਬਣਾਈਏ।

ਤਿੰਨ : ਅਸੀਂ ਸੱਪ ਵਾਂਗੂੰ ਪੋਲਦੀਆਂ ਜਾਈਏ।

ਚਾਰ : ਪਰ ਰਾਖ ਦੀ ਰੱਸੀ ਨਾ ਅਸੀਂ ਬਣਾਈਏ।

ਇਕ : ਚਲੋ ਨੀ ਚਲੋ...ਇਹਦੇ ਰਾਹ ਨਾ ਆਈਏ।

*(ਉਹ ਇਕ ਪਾਸੇ ਜਾਂਦੀਆਂ ਹਨ। ਢੰਡੋਰੇ ਵਾਲਾ ਵੀ ਉਸ ਪਾਸੇ ਜਾਂਦਾ ਹੈ। ਬੁੱਢਾ ਤੇ ਨੌਜਵਾਨ ਆਉਂਦੇ ਹਨ।)*

ਬੁੱਢਾ : ਮੈਂ ਦੱਸਾਂ ਤੈਨੂੰ ਲਾਲ...ਰਾਖ ਦੀ ਰੱਸੀ ਕਿਵੇਂ ਬਣਦੀ ਇਹ ਤਾਂ ਸੌਖਾ ਜਿਹਾ ਸਵਾਲ।

ਨੌਜੁਆਨ : ਉਹ ਕਿਵੇਂ ਬਾਪੂ ਜੀ ?

ਬੁੱਢਾ : ਇਕ ਰੱਸੀ ਲੈ ਲੈ ਮੇਰੇ ਲਾਲ...ਇਕ ਸਿਰਾ ਬੰਨ੍ਹ ਦੇ ਕਿੱਲ ਦੇ ਨਾਲ...
ਦੂਜੇ ਸਿਰੇ ਖਿੱਚ ਤੂੰ ਪਾ...ਉਥੇ ਫੇਰ ਅੱਗ ਤੂੰ ਲਾ...
ਅੱਗ ਅੱਗੇ ਅੱਗੇ ਚਲਦੀ ਹੈ, ਰਾਖ ਦੀ ਰੱਸੀ ਬਣਦੀ ਹੈ
ਅਕਲ ਦਾ ਹੈ ਇਹ ਕਮਾਲ ਆਉਂਦਾ ਜੋ ਤਜਰਬੇ ਨਾਲ

*(ਬਾਦਸ਼ਾਹ ਤੇ ਵਜ਼ੀਰ ਆਉਂਦੇ ਹਨ।)*

ਬਾਦਸ਼ਾਹ : ਹੈ ਕੋਈ ਐਸਾ ਮਾਈ ਦਾ ਲਾਲ
ਹਲ ਕੀਤੇ ਜਿੰਨੇ ਸਾਡੇ ਸੁਆਲ

ਵਜ਼ੀਰ : ਹਾਂ ਜੀ ਐਸਾ ਹੈ ਕਿ ਇਕ ਮਾਈ ਦਾ ਲਾਲ
ਦਾਅਵਾ ਕਰਦਾ ਹਲ ਕਰੇ ਤੁਹਾਡਾ ਸੁਆਲ

ਬਾਦਸ਼ਾਹ : ਪੇਸ਼ ਕਰੋ ਅਸੀਂ ਵੀ ਵੇਖੀਏ ਐਸਾ ਲਾਲ
ਹਲ ਕਰੇ ਜੋ ਸਾਡਾ ਸੁਆਲ

*(ਸਿਪਾਹੀਆਂ ਦੇ ਪਹਿਰੇ ਵਿਚ ਨੌਜਵਾਨ ਆਉਂਦਾ ਹੈ।)*

ਬਾਦਸ਼ਾਹ : ਸਾਡਾ ਹੈ ਤੈਨੂੰ ਇਹ ਸਵਾਲ
ਰਾਖ ਦੀ ਰੱਸੀ ਕਿਵੇਂ ਬਣਦੀ
ਦੱਸ ਆਪਣਾ ਤੂੰ ਕਮਾਲ

ਨੌਜਵਾਨ : ਇਕ ਰੱਸੀ ਲੈ ਲੋ ਮੇਰੇ ਸਰਤਾਜ
ਸਿਰਾ ਬੰਨ ਦਿਓ ਕਿੱਲ ਦੇ ਨਾਲ
ਦੂਜੇ ਸਿਰੇ ਖਿੱਚ ਤੁਸੀਂ ਪਾਓ
ਤੀਲੀ ਉਥੇ ਅੱਗ ਦੀ ਲਾਓ
ਅੱਗ ਅੱਗੇ ਅੱਗੇ ਚਲਦੀ ਹੈ
ਰਾਖ ਦੀ ਰੱਸੀ ਬਣਦੀ ਹੈ
ਬਸ ਇਹ ਛੋਟਾ ਸਵਾਲ
ਆਉਂਦਾ ਜੋ ਅਕਲ ਦੇ ਨਾਲ

ਬਾਦਸ਼ਾਹ : ਦੇਖਿਆ ਅਸੀਂ ਤੇਰਾ ਕਮਾਲ
ਪਰ ਹਾਲੀ ਹੋਰ ਨੇ ਦੋ ਸਵਾਲ

ਨੌਜਵਾਨ : ਉੱਚਾ ਹੋਵੇ ਤੁਹਾਡਾ ਜਲਾਲ
ਦੱਸੋ ਦੂਜਾ ਕੀ ਸਵਾਲ ?

ਬਾਦਸ਼ਾਹ : (ਇਕ ਡੰਡਾ ਫੜਦਾ ਹੈ)
ਇਹ ਹੈ ਇਕ ਬਾਂਸ ਦਾ ਡੰਡਾ
ਉੱਤੇ ਥੱਲਿਓ ਇਕੋ ਹੈ ਲੱਗਦਾ
ਸਾਡਾ ਹੈ ਇਹ ਸੁਆਲ, ਜੜ੍ਹ ਵਾਲਾ ਕਿਹੜਾ ਇਹਦਾ ਪਾਸਾ, ਦੱਸ
ਸਾਨੂੰ ਤੂੰ ਆਪਣਾ ਕਮਾਲ।

ਬਾਦਸ਼ਾਹ : ਢੋਲ ਵਾਲਿਆ ਢੋਲ ਵਜਾ, ਤੇ ਸਭ ਨੂੰ ਤੂੰ ਆਖ ਸੁਣਾ
ਕੱਲ ਲੱਗੇਗਾ ਫਿਰ ਦਰਬਾਰ
ਹਾਜ਼ਰ ਹੋਵੇਗਾ ਇਹ ਬਰਖ਼ੁਰਦਾਰ
ਪਾਇਆ ਜੋ ਅਸਾਂ ਇਕ ਸੁਆਲ
ਉਹਨੂੰ ਹੱਲ ਕਰੇਗਾ ਮਾਈ ਦਾ ਲਾਲ
ਜੜ੍ਹ ਵਾਲਾ ਪਾਸਾ ਡੰਡੇ ਦਾ ਦੱਸ ਕੇ
ਅਕਲ ਦਾ ਦੱਸੇ ਇਹ ਕਮਾਲ

ਢੰਡੋਰੇ ਵਾਲਾ : (ਉਹਦੇ ਹੱਥ ਵਿਚ ਇਕ ਡੰਡਾ ਹੈ)
ਦੇਖੋ ਦੇਖੋ, ਉਹ ਇਕ ਬਾਂਸ ਦਾ ਡੰਡਾ
ਉੱਤੋਂ ਥੱਲਿਓਂ ਇਹ ਇਕੋ ਜਿਹਾ ਲੱਗਦਾ
ਜੜ੍ਹ ਵਾਲਾ ਪਾਸਾ ਇਹਦਾ ਦੱਸੋ
ਰਕਮ ਫਿਰ ਤੁਸੀਂ ਭਾਰੀ ਖੱਟੋ

ਨੌਜਵਾਨ : (ਇਕ ਤੇ ਦੋ...ਡੰਡੇ ਨੂੰ ਵੇਖ ਕੇ) ਇਹ ਤਾਂ ਹੈ ਪੁਲਿਸ ਦਾ ਡੰਡਾ।

ਨੌਜਵਾਨ : (ਤਿੰਨ ਤੇ ਚਾਰ) ਉੱਤੋਂ ਥੱਲਿਓਂ ਇਕੋ ਜਿਹਾ ਵਰਦਾ

ਕੁੜੀ : (ਪਹਿਲੀ ਤੇ ਦੂਜੀ) ਇਹਦਾ ਅਸੀਂ ਕੁਝ ਨਾ ਦੱਸੀਏ।

ਕੁੜੀ : (ਤੀਜੀ ਤੇ ਚੌਥੀ) ਇਹਦੇ ਕੋਲੋਂ ਦੂਰ ਹੀ ਨੱਸੀਏ

*(ਢੰਡੋਰੇ ਵਾਲਾ ਅਤੇ ਭੀੜ ਜਾਂਦੀ ਹੈ। ਬੁੱਢਾ ਅਤੇ ਪੁੱਤਰ ਆਉਂਦੇ ਹਨ।)*

ਬੁੱਢਾ : ਪੁੱਤਰ ਇਹ ਤਾਂ ਸਿੱਧਾ ਜਿਹਾ ਸੁਆਲ
ਮੁਸ਼ਕਲ ਨਹੀਂ ਹੈ ਇਹਦਾ ਜਵਾਬ

ਪੁੱਤਰ : ਹਲ ਦੱਸੋ ਫੇਰ ਤੁਸੀਂ ਬਾਪੂ ਜੀ
ਕਰੋ ਨਾ ਦੇਰ ਤੁਸੀਂ ਬਾਪੂ ਜੀ

ਬੁੱਢਾ : ਪਾਣੀ ਦਾ ਇਕ ਟੱਬ ਲਿਆਓ
ਡੰਡਾ ਉਸ ਵਿਚ ਤੁਸੀਂ ਤਰਾਓ
ਥੋੜ੍ਹਾ ਨੀਵਾਂ ਜੋ ਹੋ ਜਾਏ

ਜੜ੍ਹ ਵਾਲਾ ਪਾਸਾ ਉਹ ਕਹਿਲਾਏ
ਉਹ ਹੈ ਗਿਆਨ ਦੀ ਬਾਤ
ਇਹ ਹੈ ਵਿਗਿਆਨ ਦੀ ਬਾਤ

*(ਬੁੱਢਾ ਤੇ ਪੁੱਤਰ ਜਾਂਦੇ ਹਨ। ਦੂਜੇ ਪਾਸੇ ਬਾਦਸ਼ਾਹ ਤੇ ਦਰਬਾਰੀ ਆਉਂਦੇ ਹਨ।)*

ਬਾਦਸ਼ਾਹ : ਹੈ ਕੋਈ ਐਸਾ ਮਾਈ ਦਾ ਲਾਲ
ਹੱਲ ਕੀਤਾ ਕਰੇ ਸਾਡਾ ਸਵਾਲ

*(ਮੁੰਡਾ ਸ਼ਾਨ ਨਾਲ ਆਉਂਦਾ ਹੈ। ਚਾਰੇ ਪਾਸੇ ਘੁੰਮਦਾ ਹੈ, ਦਰਬਾਰੀਆਂ ਵੱਲ ਵੇਖਦਾ ਹੈ।)*

ਨੌਜਵਾਨ : ਪਾਣੀ ਦਾ ਇਕ ਟੱਬ ਲਿਆਓ
ਡੰਡਾ ਉਸ ਵਿਚ ਤੁਸੀਂ ਤਰਾਓ
ਥੋੜ੍ਹਾ ਨੀਵਾਂ ਜੇ ਹੋ ਜਾਏ
ਜੜ੍ਹ ਵਾਲਾ ਪਾਸਾ ਉਹ ਕਹਿਲਾਏ
ਇਹ ਹੈ ਗਿਆਨ ਦੀ ਬਾਤ
ਇਹ ਹੈ ਵਿਗਿਆਨ ਦੀ ਬਾਤ

ਬਾਦਸ਼ਾਹ : ਕਮਾਲ ਕਮਾਲ ਕਮਾਲ

ਚਾਰੇ ਦਰਬਾਰੀ : ਕਮਾਲ ਕਮਾਲ ਕਮਾਲ

ਬਾਦਸ਼ਾਹ : ਦੇਖਿਆ ਅਸੀਂ ਤੇਰਾ ਕਮਾਲ
ਪਰ ਹਾਲਾਂ ਹੈ ਇਕ ਹੋਰ ਸੁਆਲ

ਨੌਜਵਾਨ : ਉੱਚਾ ਹੋਵੇ ਤੁਹਾਡਾ ਜਲਾਲ
ਦੱਸੋ ਹੋਰ ਜੋ ਤੁਹਾਡਾ ਸੁਆਲ

ਬਾਦਸ਼ਾਹ : ਦੱਸੋ ਕੋਈ ਐਸਾ ਢੋਲ
ਬਿਨ ਵਜਾਏ ਜੋ ਵੱਜਦਾ ਢੋਲ
ਬਿਨ ਹੱਥ ਲਾਏ ਜੋ ਵੱਜਦਾ ਢੋਲ
ਦੱਸੋ ਤੁਸੀਂ ਕੋਈ ਐਸਾ ਢੋਲ

ਨੌਜਵਾਨ : ਹੱਲ ਕਰਾਂਗਾ ਇਹ ਸਵਾਲ
ਰਾਤ ਦੀ ਮੋਹਲਤ ਮੈਨੂੰ ਦੇਵੋ
ਦੇਵਾਂਗਾ ਇਹਦਾ ਮੈਂ ਜਵਾਬ

ਬਾਦਸ਼ਾਹ : ਮਨਜ਼ੂਰ ਹੈ ਸਾਨੂੰ ਬਰਖ਼ੁਰਦਾਰ
ਕੱਲ੍ਹ ਲੱਗੇਗਾ ਫਿਰ ਦਰਬਾਰ
ਉਠੇਗਾ ਉਥੇ ਇਹ ਸੁਆਲ
ਸੁਣਾਂਗੇ ਜੋ ਇਹਦਾ ਜਵਾਬ

*(ਬਾਦਸ਼ਾਹ ਅਤੇ ਦਰਬਾਰੀ ਜਾਂਦੇ ਹਨ। ਨੌਜਵਾਨ ਵੀ ਇਕ ਚੱਕਰ ਲਗਾ ਕੇ ਇਕ ਜਾਂਦਾ ਹੈ—ਸੋਚ ਵਿਚ ਹੈ, ਆਵਾਜ਼ ਆਉਂਦੀ ਹੈ।)*

ਆਵਾਜ਼ : ਲੱਕੜੀ ਦਾ ਇਕ ਖੋਲ ਲਿਆਓ
ਡੂੰਮਣਾ ਮੱਖੀਆਂ ਵਾਲਾ ਉਸ 'ਚ ਪਾਓ
ਚਮੜਾ ਮੜ ਕੇ ਢੋਲ ਬਣਾਓ
ਸਰਲ ਤਰੀਕਾ ਇਹ ਅਪਣਾਓ
ਬਿਨ ਵਜਾਇਆ ਢੋਲ ਇਹ ਵੱਜੇਗਾ
ਬਿਨ ਖੜਕਾਇਆਂ ਢੋਲ ਇਹ ਖੜਕੇਗਾ

ਨੌਜਵਾਨ : ਬਾਪੂ ਪਛਾਣ ਲਈ ਮੈਂ ਤੇਰੀ ਆਵਾਜ਼
ਪਾਇਆ ਮੈਂ ਹੁਣ ਸਾਰਾ ਰਾਜ

*(ਬਾਦਸ਼ਾਹ ਅਤੇ ਦਰਬਾਰੀ ਆਉਂਦੇ ਹਨ।)*

ਬਾਦਸ਼ਾਹ : ਹਾਂ ਮੇਰੀ ਸਰਕਾਰ, ਹੱਲ ਹੋਇਆ ਤੁਹਾਡਾ ਸੁਆਲ
ਲਕੜੀ ਦਾ ਇਕ ਖੋਲ ਲਿਆਓ
ਡੂੰਮਣਾਂ ਮੱਖੀਆਂ ਵਾਲਾ ਉਸ ਵਿਚ ਪਾਓ
ਚਮੜਾ ਮੜ ਕੇ ਢੋਲ ਬਣਾਓ
ਸਫ਼ਲ ਤਰੀਕਾ ਇਹ ਅਪਣਾਓ
ਬਿਨ ਵਜਾਇਆ ਢੋਲ ਇਹ ਵੱਜੇਗਾ
ਬਿਨ ਖੜਕਾਇਆਂ ਢੋਲ ਇਹ ਖੜਕੇਗਾ

ਬਾਦਸ਼ਾਹ : ਕਮਾਲ ਕਮਾਲ ਕਮਾਲ

ਦਰਬਾਰੀ : ਕਮਾਲ ਕਮਾਲ ਕਮਾਲ

ਬਾਦਸ਼ਾਹ : ਹੱਲ ਕੀਤੇ ਸਾਰੇ ਤੂੰ ਸੁਆਲ, ਕਰਾਂਗੇ ਤੈਨੂੰ ਮਾਲੋ ਮਾਲ

ਨੌਜਵਾਨ : ਕਰੋ ਨਾ ਮੈਨੂੰ ਮਾਲੋ ਮਾਲ, ਨਾ ਹੈ ਮੇਰਾ ਕਮਾਲ
ਭੋਰੇ ਬੈਠੇ ਬਾਪੂ ਨੇ, ਕੀਤੇ ਹੱਲ ਇਹ ਸੁਆਲ

ਬਾਦਸ਼ਾਹ : ਤੂੰ ਕੀਤੀ ਬਾਦਸ਼ਾਹ ਦੀ ਹੁਕਮ ਅਦੂਲੀ
ਸਜ਼ਾ ਜਿਸ ਦੀ ਹੋ ਸਕਦੀ ਹੈ ਸੂਲੀ

ਦਰਬਾਰੀ : ਹਾਂ ਸਜ਼ਾ ਜਿਸ ਦੀ ਹੋ ਸਕਦੀ ਹੈ ਸੂਲੀ

ਨੌਜਵਾਨ : ਹਾਂ ਕੀਤੀ ਹੈ ਮੈਂ ਹੁਕਮ ਅਦੂਲੀ
ਸਜ਼ਾ ਜਿਸ ਦੀ ਹੋ ਸਕਦੀ ਹੈ ਸੂਲੀ
ਪਰ ਇਸ ਸੱਚ ਤੋਂ ਨਾ ਕੋਈ ਸੱਚ ਹੋਰ ਵੱਡਾ
ਸਿਆਣਾ ਹੋਵੇ ਉਮਰ ਨਾਲ ਬੰਦਾ
ਸਮਾਜ ਉਹੀ ਅੱਗੇ ਹੈ ਵਧਦਾ

ਆਦਰ ਵੱਡਿਆਂ ਦਾ ਜੋ ਹੈ ਕਰਦਾ

ਬਾਦਸ਼ਾਹ : ਹਾਂ, ਸੱਚ ਮੈਂ ਇਹ ਹੈ ਪਛਾਤਾ
ਸੱਚ, ਮੈਂ ਹੁਣ ਹੈ ਜਾਤਾ
ਸਮਾਜ ਉਹੀ ਅੱਗੇ ਹੈ ਵਧਦਾ
ਆਦਰ ਵੱਡਿਆਂ ਦਾ ਜੋ ਹੈ ਕਰਦਾ

ਦਰਬਾਰੀ : ਹਾਂ ਸੱਚ ਅਸੀਂ ਵੀ ਹੈ ਪਛਾਤਾ
ਸੱਚ ਅਸੀਂ ਵੀ ਹੁਣ ਹੈ ਜਾਤਾ
ਸਮਾਜ ਉਹੀ ਅੱਗੇ ਹੈ ਵਧਦਾ
ਆਦਰ ਵੱਡਿਆਂ ਦਾ ਜੋ ਹੈ ਕਰਦਾ

*(ਸਾਰੇ ਇਕ ਪਾਸੇ ਫਰੀਜ਼ ਹੁੰਦੇ ਹਨ)*

ਢੰਡੋਰੇ ਵਾਲਾ : ਸੁਣੋ ਸੁਣੋ ਹੁਕਮ ਬਾਦਸ਼ਾਹ ਦਾ, ਖਲਕਤ ਖ਼ੁਦਾ ਦੀ ਹਰ ਇਕ ਆਮ ਤੇ ਖ਼ਾਸ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਸਾਰੇ ਲੋਕ ਜੰਗਲਾਂ ਵਿਚ ਜਾਣ, ਬਜ਼ੁਰਗਾਂ ਨੂੰ ਇੱਜ਼ਤ ਨਾਲ ਵਾਪਸ ਲਿਆਉਣ। ਸਮਾਜ ਅੱਗੇ ਉਹੀ ਹੈ ਵਧਦਾ, ਵੱਡਿਆਂ ਦਾ ਜੋ ਆਦਰ ਕਰਦਾ।

*(ਹੁਣ ਨਾਚ ਵਾਲੀ ਲੈਅ 'ਤੇ ਢੋਲ ਵੱਜਦਾ ਹੈ। ਇਸ ਲੈਅ 'ਤੇ ਬੁੱਢੇ ਬੁੱਢੀਆਂ ਵੀ ਨੱਚਦੇ ਆਉਂਦੇ ਹਨ। ਹੌਲੇ-ਹੌਲੇ ਸਾਰੇ ਨਾਚ ਵਿਚ ਸ਼ਾਮਲ ਹੁੰਦੇ ਹਨ ਤੇ ਇਕ ਵਿਸ਼ੇਸ਼ ਕੰਪੋਜੀਸ਼ਨ ਵਿਚ ਫ਼ਰੀਜ਼ ਹੁੰਦੇ ਹਨ।*

*ਸਮਾਪਤ*